# ਡੀ.ਐਲ.ਐਫ.ਪ੍ਰਮੈਰਿਕਾ ਲਾਈਫ਼ ਇੰਸ਼ੋਰੈਂਸ ਕੰਪਨੀ ਨੇ ਕਾਰੋਬਾਰ 'ਚ ਵਾਧੇ ਲਈ ਪੰਜਾਬ ਦਾ ਮਹੱਤਵਪੂਰਨ ਯੋਗਦਾਨ ਦਸਿਆ

ਪਟਿਆਲਾ, 20 ਮਈ (ਹਰਦੀਪ ਸਿੰਘ) : ਡੀ.ਐਲ.ਐਫ਼. ਪ੍ਰਮੈਰਿਕਾ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਟਿਡ (ਡੀ.ਪੀ.ਐਲ.ਆਈ.) ਨੇ ਪੰਜਾਬ ਦੇ ਬਾਜ਼ਾਰ 'ਚ ਅਪਣੀ ਸਫ਼ਲਤਾ ਦਾ ਐਲਾਨ ਕਰਦੇ ਹੋਏ ਕਿਹਾ ਕਿ ਉਹ ਲਗਾਤਾਰ ਇਸ ਖੇਤਰ 'ਚ ਅਪਣੇ ਕਾਰੋਬਾਰ ਦਾ ਵਿਸਤਾਰ ਜਾਰੀ ਰੱਖਣਗੇ ਕਿਉਂਕਿ ਇਥੇ ਕੰਪਨੀ ਨੂੰ ਲੋਕਾਂ ਦਾ ਵਧੀਆ ਹੁੰਗਾਰਾ ਮਿਲ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਕੰਪਨੀ ਦੇ ਕਾਰਜਕਾਰੀ ਵਾਇਸ ਪ੍ਰੈਜ਼ੀਡੈਂਟ ਮਨਿੰਦਰ ਸੂਦ ਨੇ ਦਸਿਆ ਕਿ ਡੀ.ਪੀ.ਐਲ.ਆਈ. ਪੰਜਾਬ ਦੇ 18 ਸ਼ਹਿਰ 'ਚ ਅਪਣੇ ਦਫ਼ਤਰ ਖੋਲ੍ਹ ਚੁੱਕੀ ਹੈ। ਇਨ੍ਹਾਂ 'ਚ ਚੰਡੀਗੜ੍ਹ, ਜਲੰਧਰ, ਅੰਮ੍ਰਿਤਸਰ, ਲੁਧਿਆਣਾ, ਬਠਿੰਡਾ, ਅਬੋਹਰ, ਪਟਿਆਲਾ ਤੇ ਮੋਗਾ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਕੁਝ ਹੀ ਸਮੇਂ 'ਚ ਕੰਪਨੀ ਰਾਜ ਦੇ ਹੋਰ ਸ਼ਹਿਰਾਂ 'ਚ ਵੀ ਅਪਣੀਆਂ ਸ਼ਾਖ਼ਾਵਾਂ ਖੋਲ੍ਹਣ ਜਾ ਰਹੀ ਹੈ। ਕੰਪਨੀ ਦੀ ਵਿਸਤਾਰ ਨੀਤੀ ਅਨੁਸਾਰ ਰਾਜ ਦੇ ਦੂਸਰੇ ਤੇ ਤੀਸਰੇ ਦਰਜੇ ਦੇ ਸ਼ਹਿਰਾਂ 'ਚ ਅਪਣੀ ਮੌਜੂਦਗੀ ਨੂੰ ਲਗਾਤਾਰ ਦਰਜ ਕਰਵਾਉਣੀ ਹੈ ਤਾਂ ਕਿ ਉਨ੍ਹਾਂ ਲੋਕਾਂ ਨੂੰ ਜੀਵਨ ਬੀਮਾ ਦਾ ਲਾਭ ਮਿਲੇ ਜੋ ਕਿ ਅਜੇ ਤਕ ਇਸ ਤੋਂ ਵਾਂਝੇ ਰਹੇ ਸਨ। ਸ੍ਰੀ ਸੂਦ ਨੇ ਦੱਸਿਆ, 'ਪੰਜਾਬ 'ਚ ਅਸੀਂ ਅਪਣੇ ਗ੍ਰਾਹਕਾਂ ਤੋਂ ਮਿਲੇ ਹਾਂਪੱਖੀ ਹੁੰਗਾਰੇ ਤੋਂ ਕਾਫ਼ੀ ਖ਼ੁਸ਼ ਹਾਂ। ਉਨ੍ਹਾਂ ਕਿਹਾ ਕਿ ਅੱਜ ਤਕ ਅਸੀਂ ਇਸ ਖੇਤਰ 'ਚ ਅਪਣੇ ਗਾਹਕਾਂ ਨੂੰ 24,612 ਨੂੰ ਪਾਲਸੀਆਂ ਜਾਰੀ ਕਰ ਚੁੱਕੇ ਹਾਂ ਤੇ ਪੰਜਾਬ 'ਚ ਅਸੀਂ 10,120 ਪਾਲਸੀਆਂ (41 ਪ੍ਰਤੀਸ਼ਤ) ਜਾਰੀ ਕਰ ਚੁਕੇ ਹਾਂ। ਅਪ੍ਰੈਲ 30, 2010 ਤਕ ਡੀ.ਪੀ.ਐਲ.ਆਈ. ਦੇ ਕੁਲ ਕਾਰੋਬਾਰ ਵਿਚੋਂ 65 ਪ੍ਰਤੀਸ਼ਤ ਕਾਰੋਬਾਰ ਇਕੱਲੇ ਪੰਜਾਬ ਤੋਂ ਹੀ ਆਇਆ ਹੈ। ਉਨ੍ਹਾਂ ਕਿਹਾ, "ਅਸੀਂ ਇਕ ਸਾਲ ਪਹਿਲਾਂ ਪਟਿਆਲਾ ਵਿਖੇ ਅਪਣਾ ਦਫ਼ਤਰ ਖੋਲ੍ਹਿਆ ਸੀ ਤੇ ਬੀਤੇ ਇਕ ਸਾਲ 'ਚ ਕੰਪਨੀ ਨੇ ਲਗਾਤਾਰ ਬਿਜਨਸ ਹਾਸਲ ਕੀਤਾ ਹੈ। ਉਨ੍ਹਾਂ ਦਸਿਆ ਕਿ ਡੀ.ਐਲ.ਐਫ.ਪ੍ਰਾਮੇਰਿਕਾ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮ: (ਡੀ.ਪੀ.ਐਲ.ਆਈ.) ਭਾਰਤ ਦੀ ਮੋਹਰੀ ਰੀਅਲ ਅਸਟੇਟ ਡਿਵੈਲਪਮੈਂਟ ਕੰਪਨੀ ਡੀ.ਐਲ.ਐਫ. ਲਿਮ: (ਡੀ.ਐਲ.ਐਫ.) ਅਤੇ ਵਿੱਤੀ ਸੇਵਾ ਖੇਤਰ ਵਿਚ ਮੋਹਰੀ, ਅਮਰੀਕੀ ਮੁੱਖ ਦਫ਼ਤਰ ਵਾਲੇ ਪਰੂਡੈਂਸ਼ਲ ਫਾਈਨਾਂਸ਼ਲ ਇੰਕ (ਪੀ.ਐਫ.ਆਈ.) ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਪਰੂਡੈਂਸ਼ਲ ਇੰਟਰਨੈਸ਼ਨਲ ਇੰਸ਼ੋਰੈਂਸ ਹੋਲਡਿੰਗਜ਼ ਲਿਮ: (ਪੀ.ਆਈ.ਆਈ.ਐਚ.) ਦੇ ਵਿਚਕਾਰ ਸਾਂਝਾ ਪ੍ਰਾਜੈਕਟ ਹੈ।

